ਦਫਤਰ ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:), ਪੰਜਾਬ
ਫੇਜ਼-8, ਅਜੀਤਗੜ੍ਹ

ਨੰਬਰ: 11/8-2012 ਅਮਲਾ-1(3,5,6)
ਮਿਤੀ, ਅਜੀਤਗੜ੍ਹ: 14-9-2012

ਪੰਜਾਬ ਸਿੱਖਿਆ ਵਿਭਾਗ ਵਿੱਚ ਮਾਸਟਰ ਕਾਡਰ ਤੋਂ ਸਕੂਲ ਲੈਕਚਰਾਰ ਪਦ ਉਨਤੀ ਦੇ ਮਈ 2012 ਵਿੱਚ ਕੀਤੇ ਹੁਕਮਾਂ ਉਪਰੰਤ ਲੈਫਟ ਆਊਟ ਕੇਸ ਮੰਗੇ ਗਏ ਸਨ। ਜੋ ਕੇਸ ਜਿਲ੍ਹਾ ਸਿੱਖਿਆ ਅਫਸਰਾਂ ਰਾਹੀਂ ਜਾਂ ਕਰਮਚਾਰੀਆਂ ਵਲੋਂ ਸਿੱਧਾ ਡਾਇਰੈਕਟੋਰੇਟ ਨੂੰ ਭੇਜੇ ਗਏ ਉਨ੍ਹਾਂ ਨੂੰ ਵਾਚ ਕੇ ਵਿਸ਼ਾਵਾਰ ਸੂਚੀਆਂ ਤਿਆਰ ਕੀਤੀਆਂ ਗਈਆਂ ਹਨ। ਇਨ੍ਹਾਂ ਕੇਸਾਂ ਵਿੱਚੋਂ ਕੁੱਝ ਕੇਸਾਂ ਵਿੱਚ ਤਰੁੱਟੀਆਂ ਪਾਈਆਂ ਗਈਆਂ ਹਨ। ਇਸ ਲਈ ਸੰਬੰਧਤ ਕਰਮਚਾਰੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਕਰਮਚਾਰੀਆਂ ਦੇ ਕੇਸਾਂ ਵਿੱਚ ਤਰੁੱਟੀਆਂ ਪਾਈਆਂ ਗਈਆਂ ਹਨ ਉਹ ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ ਨਿਜੀ ਪੱਧਰ ਤੇ ਡਾਇਰੈਕਟੋਰੇਟ ਵਿਖੇ ਆ ਕੇ ਤਰੁੱਟੀਆਂ ਦੂਰ ਕਰਵਾ ਸਕਦੇ ਹਨ। ਜਿਨ੍ਹਾਂ ਕਰਮਚਾਰੀਆਂ ਦੇ ਕੇਸ ਵੱਖ ਵੱਖ ਵਿਸ਼ਿਆਂ ਦੀਆਂ ਕਟ ਆਫ ਮਿਤੀਆਂ (ਜਿਸ ਦੀ ਸੂਚੀ ਮਿਤੀ 31-5-2012 ਨੂੰ ਵੈਬਸਾਈਟ ਤੇ ਪਾਈ ਜਾ ਚੁੱਕੀ ਹੈ) ਵਿੱਚ ਕਵਰ ਹੁੰਦੇ ਹਨ ਪਰੰਤੂ ਉਨ੍ਹਾਂ ਦੇ ਨਾਂ ਨਾਲ ਨੱਥੀ ਸੂਚੀਆਂ ਵਿੱਚ ਨਹੀਂ ਹਨ, ਉਹ ਕਰਮਚਾਰੀ ਆਪਣਾ ਕੇਸ ਸਿੱਧਾ ਡਾਇਰੈਕਟੋਰੇਟ ਨੂੰ 10 ਦਿਨਾਂ ਦੇ ਅੰਦਰ ਪਹੁੰਚਾ ਸਕਦੇ ਹਨ। ਨਾਲ ਨੱਥੀ ਸੂਚੀਆਂ ਨੂੰ ਪਦ ਉਨਤੀ ਲਈ ਅੰਤਮ ਸੂਚੀ ਨਾ ਸਮਝਿਆ ਜਾਵੇ, ਇਸ ਦਾ ਅੰਤਮ ਫੈਸਲਾ ਵਿਭਾਗੀ ਤਰੱਕੀ ਕਮੇਟੀ ਵਲੋਂ ਲਿਆ ਜਾਵੇਗਾ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ